# ਭੱਠੀ ਵਾਲੀ ਬੇਬੇ



ਮੈਂ ਇੱਕ ਦਿਨ ਕੰਮ ਦੇ ਸਿਲਸਿਲੇ ਚ ਬੱਸ ਵਿੱਚ ਬੈਠਾ ਚੰਡੀਗੜ੍ਹ ਜਾ ਰਿਹਾ ਸੀ।

10 ਕੇ ਵਜੇ ਦਾ ਸਮਾਂ ਸੀ। ਗਰਮੀ ਵੀ ਕਾਫੀ ਪੈ ਰਹੀ ਸੀ।

ਪਟਿਆਲੇ ਤੋਂ ਦਸ ਪੰਦਰਾਂ ਕਿਲੋਮੀਟਰ ਅੱਗੇ ਜਾ ਕੇ ਬੱਸ ਅਚਾਨਕ ਰੁਕੀ, ਡਰਾਈਵਰ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਬੱਸ ਖਰਾਬ ਹੋ ਗਈ ਸੀ।

ਸਾਰੀਆਂ ਸਵਾਰੀਆਂ ਨੀਚੇ ਉੱਤਰ ਗਈਆਂ ਤੇ ਦੂਜੀ ਬੱਸ ਦੀ ਉਡੀਕ ਕਰਨ ਲੱਗੀਆਂ। ਨਾਲ ਇੱਕ ਛੋਟਾ ਜਿਹਾ ਰੁੱਖ ਸੀ, ਜਿਸ ਥੱਲੇ ਇਕ ਟੀਨ ਦੀ ਛੱਤ ਸੀ।

ਸਾਰੇ ਹੀ ਉਸ ਥੱਲੇ ਜਾ ਖੜੇ ਹੋ ਗਏ ਸਨ।

ਧੁੱਪ ਕਾਫੀ ਤੇਜ ਸੀ, ਮੈਨੂੰ ਪਿਆਸ ਲੱਗੀ ਤੇ ਮੈ ਏਧਰ ਉਧਰ ਦੇਖਿਆ ਸੜਕ ਲਾਗੇ ਹੀ ਇਕ ਨਿੱਕਾ ਜਿਹਾ ਪਿੰਡ ਸੀ।

ਸੜਕ ਪਾਰ ਕਰਕੇ ਗਿਆ ਤਾਂ ਦੇਖਿਆ ਕਿ ਰੁੱਖ ਥੱਲੇ ਇੱਕ ਬਜ਼ੁਰਗ ਬੇਬੇ ਬੈਠੀ ਦਾਣੇ ਭੁੰਨ ਰਹੀ ਸੀ। ਸਿਰ ਉਤੇ ਮੈਲੀ ਜਿਹੀ ਚਿੱਟੀ ਚੁੰਨੀ, ਨਿੱਕੀਆਂ ਬੂਟੀਆਂ ਵਾਲਾ ਸੂਟ ਪਾਇਆ ਸੀ।

ਮੈਂ ਨੇੜੇ ਜਾ ਕੇ ਬੇਬੇ ਨੂੰ ਬੁਲਾਇਆ ਤਾਂ ਉਸਨੇ ਅਣਸੁਣਿਆ ਕਰ ਦਿੱਤਾ।

ਬੇਬੇ ਨੂੰ ਥੋੜਾ ਉੱਚਾ ਸੁਣਦਾ ਸੀ।

ਮੈਂ ਥੋੜੀ ਉਚੀ ਆਵਾਜ਼ ਵਿੱਚ ਬੇਬੇ ਨੂੰ ਸੱਤ ਸ਼੍ਰੀ ਆਕਾਲ ਕਿਹਾ।

ਬੇਬੇ ਕਹਿੰਦੀ

"ਕੌਣ ਪੁੱਤ, ਮੈਂ ਸਿਆਣਿਆ ਨਹੀਂ"

ਮੈਂ ਕਿਹਾ

"ਬੇਬੇ ਮੈਂ ਪਟਿਆਲੇ ਲਾਗੇ ਪਿੰਡ ਤੋਂ ਹਾਂ ਤੇ ਸ਼ਹਿਰ ਕੰਮ ਚੱਲਾ ਸੀ। ਬੱਸ ਖਰਾਬ ਹੋ

www.punjabilibrary.com

ਗਈ ਤਾਂ ਪਿਆਸ ਬੁਝਾਉਣ ਦੀ ਉਮੀਦ ਲੈ ਕੇ ਤੁਹਾਡੇ ਕੋਲ ਆਇਆ ਸੀ"

ਬੇਬੇ ਮੈਨੂੰ ਬੈਠਣ ਲਈ ਕਿਹਾ ਤੇ ਘੜੇ ਵਿੱਚ ਠੰਢੇ ਪਾਣੀ ਦਾ ਗਿਲਾਸ ਭਰਕੇ ਮੇਰੇ ਹੱਥ ਫੜਾ ਦਿੱਤਾ।

ਪਾਣੀ ਪੀਂਦੇ ਮੈਂ ਦੇਖਿਆ ਕੀ ਏਨੀ ਗਰਮੀ ਵਿਚ ਬੇਬੇ ਭੱਠੀ ਦੇ ਸੇਕ ਮੂਹਰੇ ਬੈਠ ਦਾਣੇ ਭੁੰਨਣ ਚ ਵਿਅਸਤ ਸੀ।

ਮੈਂ ਬੇਬੇ ਨੂੰ ਪੁੱਛਿਆ,

"ਤੁਸੀ ਹਰ ਰੋਜ਼ ਏਥੇ ਏਨੀ ਗਰਮੀ ਚ ਦਾਣੇ ਭੁੰਨਦੇ ਹੋ" ਬੇਬੇ ਨੇ ਹਾਂ ਵਿੱਚ ਉੱਤਰ ਦਿਤਾ।

ਜਦੋਂ ਮੈ ਬੇਬੇ ਤੋਂ ਉਸਦੇ ਪਰਿਵਾਰ ਬਾਰੇ ਪੁੱਛਿਆ ਤਾਂ ਬੇਬੇ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਇਹ ਦੇਖ ਕੇ ਮੈਂ ਥੋੜਾ ਜਿਹਾ ਹੈਰਾਨ ਤੇ ਉਦਾਸ ਹੋਇਆ।ਮੇਰੇ ਮਨ ਵਿੱਚ ਬੇਬੇ ਬਾਰੇ ਹੋਰ ਜਾਣਨ ਇੱਛਾ ਹੋਈ। ਜਦੋਂ ਮੈਂ ਦੂਜੀ ਵਾਰ ਪੁੱਛਿਆ ਤਾਂ ਬੇਬੇ ਭੁੱਬਾਂ ਮਾਰ ਰੋਣ ਲੱਗੀ ਤੇ ਮੈਂ ਬੇਬੇ ਨੂੰ ਗਲ ਨਾਲ ਲਗਾ ਕੇ ਚੁੱਪ ਕਰਾਉਣ ਦੀ ਕੋਸ਼ਿਸ ਕੀਤੀ।

ਬੇਬੇ ਕੁੱਝ ਪਲਾਂ ਲਈ ਸ਼ਾਂਤ ਹੋ ਗਈ।

ਮੇਰੇ ਬੋਲਣ ਤੋਂ ਪਹਿਲਾ ਹੀ ਬੇਬੇ ਬੋਲ ਪਈ ਤੇ ਕਹਿਣ ਲੱਗੀ ਕੀ ਮੇਰਾ ਘਰ ਵਾਲਾ ਕਈ ਵਰ੍ਹੇ ਪਹਿਲਾਂ 2 ਬੱਚਿਆਂ ਨੂੰ ਛੱਡ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ ਸੀ।

ਲੋਕਾਂ ਦੇ ਘਰਾਂ ਵਿੱਚ ਕੰਮ ਕਰ ਕਰ ਕੇ ਮੈਂ ਮੁੰਡੇ ਕੁੜੀ ਨੂੰ ਪਾਲਿਆ।

ਮੁੰਡਾ ਵੱਡਾ ਹੋ ਕੇ ਟਰੱਕ ਡਰਾਈਵਰ ਬਣ ਗਿਆ, ਕੁੜੀ ਦਾ ਵੀ ਵਿਆਹ ਕਰ ਦਿੱਤਾ ਸੀ।

ਮੇਰੀ ਨੂੰਹ ਬਹੁਤ ਲੜਾਕੀ ਸੀ ਤੇ ਉਸ ਨੇ ਮੈਨੂੰ ਘਰੋਂ ਕੱਢਤਾ ਇਕ ਦਿਨ ਲੜ ਕੇ,

ਕੁੱਝ ਮਹੀਨੇ ਮੈਂ ਆਪਣੀ ਕੁੜੀ ਨਾਲ ਓਹਦੇ ਸਹੁਰੇ ਘਰ ਰਹੀ।

ਕੁੜੀ ਦਾ ਘਰ ਵਾਲਾ ਸ਼ਰਾਬੀ ਸੀ।

ਹਰ ਰੋਜ਼ ਕੁੜੀ ਨੂੰ ਤੰਗ ਕਰਦਾ ਰਹਿੰਦਾ ਤੇ ਉਸ ਤੋਂ ਦਹੇਜ਼ ਦੀ ਮੰਗ ਕਰਦਾ ਸੀ। ਬੇਬੇ ਨੇ ਦੱਸਿਆ ਕੀ ਫੇਰ ਮੈਂ ਵਾਪਸ ਪਿੰਡ ਆ ਗਈ ਤੇ ਏਥੇ ਇਕ ਛੋਟਾ ਜਿਹਾ ਛੱਪਰ ਬਣਾ ਕੇ ਭੱਠੀ ਲਗਾਉਣੀ ਬੇਹਤਰ ਸਮਝੀ।

ਕੁੜੀ ਕਦੇ ਕਦਾਈਂ ਭੱਠੀ ਤੇ ਹੀ ਆ ਕੇ ਮਿਲ ਜਾਂਦੀ ਸੀ।

ਕੁਝ ਮਹੀਨੇ ਬੀਤੇ ਤਾਂ ਜਵਾਈ ਨੇ ਦਾਜ ਨਾ ਮਿਲਣ ਕਰਕੇ ਕੁੜੀ ਦਾ ਗਲਾ ਘੁੱਟ ਕੇ ਉਸਨੂੰ ਮਾਰ ਦਿੱਤਾ।

ਉਹ ਅੰਦਰੋਂ ਪੂਰੀ ਤਰਾਂ ਟੁੱਟ ਚੁੱਕੀ ਸੀ।

ਹਾਲੇ ਧੀ ਦਾ ਦੁੱਖ ਹੌਲਾ ਨਹੀ ਸੀ ਹੋਇਆ, ਤਿੰਨ ਮਹੀਨੇ ਬਾਅਦ ਉਸਦਾ ਪੁੱਤ ਵੀ ਇੱਕ ਸੜਕ ਹਾਦਸੇ ਵਿੱਚ ਉਸਨੂੰ ਛੱਡ ਕੇ ਚਲਾ ਗਿਆ। ਉਸਦੀ ਨੂੰਹ ਬੱਚੇ ਨੂੰ ਲੈ ਕੇ ਪੇਕੇ ਚਲੀ ਗਈ ਫੇਰ ਕਦੇ ਮੁੜਕੇ ਨਹੀਂ ਆਈ।

ਘਰ ਵੀ ਕਿਸੇ ਨੂੰ ਵੇਚ ਗਈ ਸੀ।

ਮੇਰੀਆਂ ਅੱਖਾਂ ਵਿੱਚ ਹੰਝੂ ਉੱਤਰ ਆਏ।

ਬੇਬੇ ਗਲ ਕਰਦੀ ਕਰਦੀ ਇਕਦਮ ਚੁੱਪ ਹੋ ਗਈ।

ਮੈਂ ਬੇਬੇ ਨੂੰ ਹਿਲਾਇਆ ਤਾਂ ਪਤਾ ਲੱਗਿਆ ਕਿ ਬੇਬੇ ਵਿੱਚੋ ਵੀ ਸਾਹ ਨਿਕਲ ਚੁੱਕੇ ਸਨ। ਮੈਂ ਸੋਚ ਰਿਹਾ ਸੀ ਕਿ ਪਤਾ ਨਹੀਂ ਕਿੰਨੇ ਸਮੇਂ ਤੋਂ ਬੇਬੇ ਇਹ ਦੁੱਖ ਅੰਦਰ ਰੱਖੀ ਬੈਠੀ ਸੀ। ਜਿਹੜਾ ਉਸਨੇ ਮੇਰੇ ਨਾਲ ਸਾਂਝਾ ਕਰਨਾ ਸੀ ਤੇ ਉਸਦੀ ਜਾਨ ਸੌਖੀ ਨਿਕਲਣੀ ਸੀ। ਮੇਰੇ ਹੰਝੂ ਲਗਾਤਾਰ ਵਹਿੰਦੇ ਰਹੇ।

ਕੁੱਝ ਪਿੰਡ ਦੇ ਬੰਦਿਆ ਨੂੰ ਬੁਲਾ ਕੇ ਮੈਂ ਬੇਬੇ ਦਾ ਸੰਸਕਾਰ ਕੀਤਾ ਤੇ ਸ਼ਾਮ ਤਕ ਓਹਦੇ ਬਲਦੇ ਸਿਵੇ ਕੋਲ ਸੋਚ ਰਿਹਾ ਸੀ ਕਿ ਹੋਰ ਪਤਾ ਨਹੀਂ ਕਿੰਨੀਆਂ ਬੇਬੇ ਦੀ

www.punjabilibrary.com

ਤਰਾਂ ਏਵੇਂ ਦੇ ਦੁੱਖ ਹੰਢਾ ਰਹੀਆਂ ਹੋਣਗੀਆਂ।

ਮੈਂ ਭਰੇ ਮਨ ਨਾਲ ਉਸੇ ਸੜਕ ਤੇ ਆਇਆ ਤੇ ਬੱਸ ਵਿੱਚ ਬੈਠ ਵਾਪਸ ਪਿੰਡ ਵੱਲ ਨੂੰ ਰਵਾਨਾ ਹੋ ਗਿਆ ਤੇ ਇਹ ਸੋਚਣ ਲੱਗਾ ਕੀ ਮੈਂ ਕਿੰਨਾ ਕਿਸਮਤ ਵਾਲਾ ਹਾਂ, ਕਿ ਮੈਂ ਆਪਣੇ ਪਰਿਵਾਰ ਸਮੇਤ ਆਪਣੇ ਘਰ ਵਿੱਚ ਰਹਿ ਰਿਹਾ ਹਾਂ ਤੇ ਆਨੰਦਮਈ ਜ਼ਿੰਦਗੀ ਬਤੀਤ ਕਰ ਰਿਹਾ ਹਾਂ।

ਮੇਰੀ ਸਾਰੇ ਸੱਜਣਾ ਨੂੰ ਇਹੀ ਹੱਥ ਬੰਨ੍ਹ ਕੇ ਬੇਨਤੀ ਹੈ ਕੀ ਮਾਂ ਬਾਪ ਨਾਲ ਕਦੇ ਵੀ ਉੱਚੀ ਅਵਾਜ ਵਿੱਚ ਗੱਲ ਨਾ ਕਰਿਆ ਕਰੋ।

ਜੇ ਓਹ ਤੁਰ ਗਏ ਤਾਂ ਸਾਡੀ ਖੁਸ਼ੀ ਵਿੱਚ ਸ਼ਾਮਿਲ ਹੋਣ ਵਾਲਾ ਕੋਈ ਵੀ ਨਹੀਂ ਬਚੇਗਾ ,,,,,,

ਰੱਬ ਰਾਖਾ🙏

---

ਬਾਕੀ ਜੇ ਤੁਹਾਨੂੰ ਇਹ ਕਹਾਣੀ ਵਧਿਆ ਲੱਗੀ ਤਾਂ ਤੁਸੀ ਆਪਣੇ ਵਿਚਾਰ ਮੇਰੇ ਨਾਲ ਸਾਂਝੇ ਕਰ ਸਕਦੇ ਹੋ

ਕੁਲਵੀਰ ਧਾਲੀਵਾਲ

(98551-07087)

**Read more like this at**

**www.punjabilibrary.com**